**SET-3**

**Series GBM**

ਕੋਡ ਨੰ. **222/3**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **9** ਪੰਨੇ **+ 1** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **17** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **9** printed pages **+ 1** Map.
- Code number given on the right hand side of the question paper should be written on the title page of the answer-book by the candidate.
- Please check that this question paper contains **17** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਇਤਿਹਾਸ

## (ਪੰਜਾਬੀ ਉਲਥਾ)

# HISTORY

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨਾਂ ਦੇ ਉੱਤਰ ਦਿਉ । ਕੁਝ ਪ੍ਰਸ਼ਨਾਂ ਲਈ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਹਰ ਇਕ ਪ੍ਰਸ਼ਨ ਦੇ ਅੰਕ ਉਸਦੇ ਸਾਮ੍ਹਣੇ ਅੰਕਿਤ ਹਨ ।*

*(ii)* *ਪ੍ਰਸ਼ਨ ਸੰਖਿਆ* ***1*** *ਤੋਂ* ***3 ਦੋ*** *ਅੰਕ ਵਾਲੇ ਹਨ, ਹਰ ਇਕ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(iii)* *ਪ੍ਰਸ਼ਨ ਸੰਖਿਆ* ***4*** *ਤੋਂ* ***9 ਚਾਰ*** *ਅੰਕ ਵਾਲੇ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ । ਵਿਦਿਆਰਥੀ ਨੂੰ ਇਸ ਖੰਡ ਤੋਂ ਕੇਵਲ* ***ਪੰਜ*** *ਪ੍ਰਸ਼ਨ ਹਲ ਕਰਨੇ ਚਾਹੀਦੇ ਹਨ ।*

*(iv)* *ਪ੍ਰਸ਼ਨ ਸੰਖਿਆ* ***10*** *ਮੁੱਲ ਅਧਾਰਤ ਪ੍ਰਸ਼ਨ ਹੈ ਅਤੇ* ***ਜ਼ਰੂਰੀ*** *ਹੈ, ਇਹ ਪ੍ਰਸ਼ਨ ਵੀ* ***ਚਾਰ*** *ਅੰਕ ਦਾ ਹੈ ।*

*(v)* *ਪ੍ਰਸ਼ਨ ਸੰਖਿਆ* ***11*** *ਤੋਂ* ***13 ਅੱਠ*** *ਅੰਕ ਵਾਲੇ ਹਨ । ਇਨ੍ਹਾਂ ਹਰ ਇਕ ਪ੍ਰਸ਼ਨ ਦਾ ਉੱਤਰ* ***350*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ* ***14*** *ਤੋਂ* ***16*** *ਸਰੋਤਾਂ ਤੇ ਆਧਾਰਿਤ ਹਨ । ਇਨ੍ਹਾਂ ਵਿਚ ਕੋਈ ਅੰਦਰੂਨੀ ਵਿਕਲਪ ਨਹੀਂ ਹੈ ।*

*(vii)* *ਪ੍ਰਸ਼ਨ ਸੰਖਿਆ* ***17*** *ਮਾਨ ਚਿੱਤਰ ਸੰਬੰਧੀ ਹੈ, ਜਿਨ੍ਹਾਂ ਵਿਚ ਲਛਣਾਂ ਨੂੰ ਪਹਿਚਾਣੋ ਅਤੇ ਮਹਤਵਪੂਰਣ ਮਦਾਂ ਨੂੰ ਦਰਸਾਣਾ ਸ਼ਾਮਿਲ ਹੈ । ਮਾਨ ਚਿੱਤਰ ਨੂੰ ਉੱਤਰ ਪੁਸਤਕ ਦੇ ਅੰਦਰ ਨੱਥੀ ਕਰਨ ।*

## ਖੰਡ A

*ਹੇਠ ਦਿੱਤੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਲਿਖੋ :* *2×3=6*

**1.** ਮੁਢਲੇ ਸਮਾਜ ਵਿਚ 600 ਈ.ਪੂ. ਤੋਂ 600 ਈਸਵੀ ਤਕ ਦੇ ਸਮੇਂ ਦੌਰਾਨ ਲਿੰਗ ਭੇਦ ਕੀ ਸਚਮੁਚ ਹੀ ਸਹਤਵਪੂਰਨ ਸਨ ? ਵਰਣਨ ਕਰੋ । *2*

**2.** ਵਿਜੈਨਗਰ ਸ਼ੈਹਰੀ ਖੇਤਰ ਦੇ ਦਰਮਿਆਨ ਕਿਲੇਬੰਦੀ ਕੀਤੇ ਖੇਤਰ ਵਿਚ ਖੇਤੀਵਾਹੀ ਯੋਗ ਧਰਤੀ ਨੂੰ ਘੇਰਨ ਦੀ ਮਹਤਤਾ ਦੀ ਪਰਖ ਕਰੋ । *2*

**3.** "ਪਾਕਿਸਤਾਨ ਅਤੇ ਭਾਰਤ ਦੇ ਸੰਬੰਧ ਗੂਹੜੇ ਤੌਰ ਤੇ ਬਟਵਾਰੇ ਦੀ ਵਿਰਾਸਤ ਰਾਹੀਂ ਸਾਕਾਰ ਹੁੰਦੇ ਰਹੇ ਹਨ ।" ਇਸ ਦੇ ਕਿਸੇ ਦੋ ਨਤੀਜਿਆਂ ਦੀ ਵਿਆਖਿਆ ਕਰੋ । *2*

## ਖੰਡ B

### ਭਾਗ I

*ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :* *4×5=20*

**4.** ਸੰਵਿਧਾਨ ਸਭਾ ਵਿਚ ਦਲਤ ਵਰਗਾਂ ਦੇ ਸੁਰਖਿਅਣ ਦੇ ਪੱਖ ਵਿਚ ਦਿੱਤੇ ਗਏ ਵਖੋ ਵਖ ਤਰਕਾਂ (ਦਲੀਲਾਂ) ਦਾ ਵਰਣਨ ਕਰੋ । *4*

**5.** ਇਹ ਕਿਵੇਂ ਸਿੱਧ ਕਰੋਗੇ ਕਿ ਮਹਾਂਭਾਰਤ ਦਾ ਵਿਸ਼ਾਵਸਤੂ ਗਤਿਆਤਮਕ ਸੀ ? ਵਿਆਖਿਆ ਕਰੋ । *4*

**6.** ਬਰਨੀਅਰ ਨੇ ਮੁਗਲਕਾਲ ਦੇ ਸ਼ੈਹਰਾਂ ਨੂੰ 'ਛੌਣੀ ਨਗਰ' ਦੇ ਰੂਪ ਵਿਚ ਹੀ ਵਰਨਿਤ ਕਿਉਂ ਕੀਤਾ ? ਪਰਖ ਕਰੋ । *4*

7. ਤੁਸੀਂ ਇਹ ਕਿਵੇਂ ਸਮਝਦੇ ਹੋ ਕਿ ਕੰਧਾਰ, ਮੁਗ਼ਲਾਂ ਅਤੇ ਸਫਾਵਿਆਂ ਦੇ ਦਰਮਿਆਨ ਝਗੜੇ ਦੀ ਜੜ੍ਹ ਰਿਹਾ ਸੀ ? ਸਪਸ਼ਟ ਕਰੋ । *4*

8. ਮੋਹਨਜੋਦੜੋ ਦੇ ਘਰੇਲੂ ਉਸਾਰੀਕਲਾ ਦੀਆਂ ਨਿਵੇਕਲੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *4*

9. 1920 ਅਤੇ 1930 ਦੇ ਦਹਾਕਿਆਂ ਦੇ ਦੌਰਾਨ ਦੀਆਂ ਉਨ੍ਹਾਂ ਘਟਨਾਵਾਂ ਦੀ ਪਰਖ ਕਰੋ ਜਿਨ੍ਹਾਂ ਨੇ ਦੇਸ਼ ਵਿਚ ਸੰਪ੍ਰਦਾਇਕ ਅਸਮਤਾਵਾਂ ਨੂੰ ਪੱਕਾ ਕੀਤਾ । *4*

## ਭਾਗ II

## ਮੁੱਲ ਆਧਾਰਿਤ ਪ੍ਰਸ਼ਨ (ਜ਼ਰੂਰੀ) *4×1=4*

10. "ਗਾਂਧੀ ਜੀ ਜਿਤਨੇ ਰਾਜਨੀਤਕ ਸਨ ਉਤਨੇ ਹੀ ਉਹ ਸਮਾਜ ਸੁਧਾਰਕ ਵੀ ਸਨ । ਉਨ੍ਹਾਂ ਦਾ ਯਕੀਨ ਸੀ ਕਿ ਸੁਤੰਤਰਤਾ ਦੇ ਯੋਗ ਬਣਨ ਦੇ ਲਈ ਭਾਰਤੀਆਂ ਨੂੰ ਬਾਲ ਵਿਆਹ ਅਤੇ ਛੂਆ-ਛੂਤ ਜਹੀਆਂ ਸਮਾਜਕ ਬੁਰਿਆਈਆਂ ਤੋਂ ਮੁਕਤ ਹੋਣਾ ਪਏਗਾ । ਇਕ ਧਰਮ ਦੇ ਭਾਰਤੀਆਂ ਨੂੰ ਦੂਸਰੇ ਧਰਮ ਦੇ ਭਾਰਤੀਆਂ ਦੇ ਲਈ ਸੱਚਾ ਸੰਜਮ ਲਿਆਣਾ ਪਏਗਾ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਹਿੰਦੂ-ਮੁਸਲਮਾਨਾਂ ਦੇ ਦਰਮਿਆਨ ਸਹਿਣਸ਼ੀਲਤਾ ਉਪਰ ਜ਼ੋਰ ਦਿਤਾ ।"

ਉਪਰ ਦਿਤੇ ਗਏ ਕਥਨ ਦੇ ਪ੍ਰਸੰਗ ਵਿਚ ਮਹਾਤਮਾ ਗਾਂਧੀ ਰਾਹੀਂ ਪੁਸ਼ਟੀ ਕੀਤੇ ਗਏ ਮੁੱਲਾਂ ਉਪਰ ਰੋਸ਼ਨੀ ਪਾਓ । *4*

## ਖੰਡ C

**ਲੰਬੇ ਉੱਤਰ ਵਾਲੇ ਪ੍ਰਸ਼ਨ** *8×3=24*

**11.** 600 ਈ.ਪੂ. ਤੋਂ 600 ਈਸਵੀ ਤਕ ਕਿਸਾਨਾਂ ਰਾਹੀਂ ਖੇਤੀ ਦੀ ਪੈਦਾ ਕਰਨ ਦੀ ਸ਼ਕਤੀ (ਉਤਪਾਦਕਤਾ) ਨੂੰ ਵਧਾਉਣ ਦੇ ਲਈ ਅਪਣਾਏ ਗਏ ਤੌਰ ਤਰੀਕਿਆਂ ਦੀ ਵਿਆਖਿਆ ਕਰੋ । *8*

**ਜਾਂ**

ਮੌਰੀਆ ਪ੍ਰਸ਼ਾਸਨ ਦੀਆਂ ਮੁਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *8*

**12.** ਸੂਫੀ ਸੰਤਾਂ ਅਤੇ ਰਾਜ ਦੇ ਦਰਮਿਆਨ ਅੱਠਵੀ ਸ਼ਤਾਬਦੀ ਤੋਂ ਅਠਾਰ੍ਹਵੀਂ ਸ਼ਤਾਬਦੀ ਦੇ ਦੌਰਾਨ ਸੰਬੰਧਾਂ ਦੀ ਪਛਾਣ ਕਰੋ । *8*

**ਜਾਂ**

ਤਮਿਲਨਾਡੂ ਦੇ ਅਲਵਾਰ ਅਤੇ ਨਯਨਾਰ ਸੰਤਾਂ ਦਾ ਰਾਜ ਦੇ ਦਰਮਿਆਨ ਅੱਠਵੀ ਸ਼ਤਾਬਦੀ ਤੋਂ ਅਠਾਰ੍ਹਵੀਂ ਸ਼ਤਾਬਦੀ ਦੇ ਦੌਰਾਨ ਸੰਬੰਧਾਂ ਦੀ ਪਛਾਣ ਕਰੋ । *8*

**13.** ਸੰਨ 1813 ਵਿਚ ਬ੍ਰਿਟਿਸ਼ ਸੰਸਦ ਵਿਚ ਪੇਸ਼ ਕੀਤੀ ਗਈ ਪੰਜਵੀਂ ਰਿਪੋਰਟ ਦੇ ਮੁੱਖ ਪੈਹਲੂਆਂ ਦੀ ਪਰਖ ਕਰੋ । *8*

**ਜਾਂ**

1857 ਦੇ ਵਿਦਰੋਹ ਦੇ ਚਿਤਰਾਂ (ਪ੍ਰਕਟ ਨਿਰੂਪਣਾਂ) ਦੀ ਪਰਖ ਕਰੋ ਜਿਨ੍ਹਾਂ ਤੋਂ ਅਨੇਕ ਪ੍ਰਕਾਰ ਦੀਆਂ ਭਾਵਨਾਵਾਂ ਅਤੇ ਪ੍ਰਤਿਕ੍ਰਿਆਵਾਂ ਪੈਦਾ ਹੁੰਦੀਆਂ ਹਨ । *8*

## ਖੰਡ D

### ਸਰੋਤ ਅਧਾਰਤ ਪ੍ਰਸ਼ਨ *7×3=21*

**14.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**ਇਕ ਦਿਹਾਤੀ ਸ਼ੈਹਰ ?**

ਮਦਰਾਸ ਦੇ ਬਾਰੇ ਵਿਚ *ਇੰਮਪੀਰਿਅਲ ਗਜ਼ੇਟਿਯਰ, 1908* ਵਿਚ ਛੱਪੇ ਇਸ ਅੰਸ਼ ਨੂੰ ਪੜ੍ਹੋ :

> ... ਬੇਹਤਰ ਯੂਰੋਪੀ ਰਿਹਾਇਸ਼ ਅਹਾਤੇ ਦੇ ਦਰਮਿਆਨ ਬਣਾਏ ਜਾਂਦੇ ਹਨ ਜਿਸਤੋਂ ਇਨ੍ਹਾਂ ਦੀ ਦਿਖ ਲਗਭਗ ਇਕ ਪਾਰਕ ਵਰਗੀ ਬਣ ਜਾਂਦੀ ਹੈ; ਅਤੇ ਇਨ੍ਹਾਂ ਦੇ ਦਰਮਿਆਨ ਤਕਰੀਬਨ ਪਿੰਡਾਂ ਦੀ ਤਰਜ਼ ਤੇ ਚਾਵਲ ਦੇ ਖੇਤ ਆਂਦੇ ਜਾਂਦੇ ਰਹਿੰਦੇ ਹਨ । ਇਥੋਂ ਤਕ ਕਿ ਬਲੈਕ ਟਾਊਨ ਅਤੇ ਟ੍ਰਿਪਲੀਕੇਨ ਵਰਗੀਆਂ ਸਭ ਤੋਂ ਘਣੀ ਆਬਾਦੀ ਵਾਲੀਆਂ ਦੇਸੀ ਬਸਤੀਆਂ ਵਿਚ ਵੀ ਉਹੋ ਜਹੀ ਭੀੜ ਭਾੜ ਨਹੀਂ ਦਿਸਦੀ ਜਿਹੋ ਜਹੀ ਦੂਸਰੇ ਸ਼ੈਹਰਾਂ ਵਿਚ ਦਿਖਾਈ ਦੇਂਦੀ ਹੈ ... ।

(14.1) ਬੇਹਤਰ ਯੂਰੋਪੀ ਰਿਹਾਇਸ਼ ਅਹਾਤੇ ਕਿੱਥੇ ਅਤੇ ਕਿਉਂ ਬਣਾਏ ਜਾਂਦੇ ਹਨ ? *3*

(14.2) ਬਲੈਕ ਟਾਊਨਾਂ ਦੀ ਹਾਲਤ ਬਾਰੇ ਵਿਸਤਾਰ ਨਾਲ ਲਿੱਖੋ । *2*

(14.3) ਮਦਰਾਸ ਦੇ ਹੌਲੀ ਹੌਲੀ ਨਗਰੀਕਰਨ ਹੋਣ ਦਾ ਅਰਥ ਲਿੱਖੋ । *2*

**15.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

## ਵਿਹਾਰ ਵਿਚ ਬੁੱਧ ਧਰਮ

*ਸੁੱਤ ਪਿਟਕ* ਵਿਚੋਂ ਲਏ ਗਏ ਇਸ ਪੈਰੇ ਵਿਚ ਬੁੱਧ ਸਿਗਲ ਨਾਮ ਦੇ ਇਕ ਅਮੀਰ ਘਰਵਾਲੇ ਨੂੰ ਸਲਾਹ ਦੇ ਰਹੇ ਹਨ :

> ਮਾਲਕ ਨੂੰ ਆਪਣੇ ਨੌਕਰਾਂ ਅਤੇ ਕਰਮਚਾਰੀਆਂ ਦੀ ਪੰਜ ਤਰ੍ਹਾਂ ਦੇਖਭਾਲ ਕਰਨੀ ਚਾਹੀਦੀ ਹੈ ... ਉਨ੍ਹਾਂ ਦੀ ਤਾਕਤ ਦੇ ਅਨੁਸਾਰ ਕੰਮ ਦੇ ਕੇ, ਉਨ੍ਹਾਂ ਨੂੰ ਭੋਜਨ ਅਤੇ ਮਜ਼ਦੂਰੀ ਦੇ ਕੇ, ਬੀਮਾਰ ਪੈਣ ਤੇ ਉਨ੍ਹਾਂ ਦੀ ਤੀਮਾਰਦਾਰੀ ਕਰਕੇ, ਉਨ੍ਹਾਂ ਦੇ ਨਾਲ ਸਵਾਦੀ ਖਾਣੇ ਵੰਡ ਕੇ ਅਤੇ ਸਮੇਂ ਸਮੇਂ ਤੇ ਛੁੱਟੀ ਦੇ ਕੇ ...
>
> ਕਬੀਲੇ ਦੇ ਲੋਕਾਂ ਨੂੰ ਪੰਜ ਤਰਾਂ ਨਾਲ *ਸਰਮਣਾਂ* (ਜਿਨ੍ਹਾਂ ਸੰਸਾਰਕ ਜੀਵਨ-ਘਰ ਬਾਰ ਤਿਆਗਿਆ ਹੋਵੇ) ਅਤੇ ਬ੍ਰਾਹਮਣਾ ਦੀ ਦੇਖਭਾਲ ਕਰਨੀ ਚਾਹੀਦੀ ਹੈ ... ਕਰਮ, ਵਚਨ ਅਤੇ ਮਨ ਵਿਚ ਪ੍ਰੇਮ ਰਾਹੀਂ, ਉਨ੍ਹਾਂ ਨੂੰ ਜੀ ਆਇਆਂ ਕਹਿਣ ਦੇ ਲਈ ਹਮੇਸ਼ਾਂ ਘਰ ਖੁਲ੍ਹੇ ਰਖਕੇ ਅਤੇ ਉਨ੍ਹਾਂ ਦੀਆਂ ਦਿਨ ਪ੍ਰਤਿਦਿਨ ਦੀਆਂ ਜ਼ਰੂਰਤਾਂ ਪੂਰੀਆਂ ਕਰਕੇ ।
>
> ਸਿਗਲ ਨੂੰ ਮਾਤਾ ਪਿਤਾ, ਅਧਿਆਪਕ ਅਤੇ ਪਤਨੀ ਦੇ ਨਾਲ ਵਿਹਾਰ ਦੇ ਲਈ ਵੀ ਅਜੇਹੇ ਹੀ ਉਪਦੇਸ਼ ਦਿੱਤੇ ਗਏ ਹਨ ।

(15.1) ਮਾਲਕ ਨੂੰ ਆਪਣੇ ਨੌਕਰਾਂ ਅਤੇ ਕਰਮਚਾਰੀਆਂ ਦੀ ਕਿਵੇਂ ਸੰਭਾਲ ਕਰਨੀ ਚਾਹੀਦੀ ਹੈ ? *2*

(15.2) ਕਬੀਲੇ ਦੇ ਲੋਕਾਂ ਨੂੰ ਸਰਮਣਾਂ ਦੀਆਂ ਲੋੜਾਂ ਦੀ ਕਿਵੇਂ ਦੇਖਭਾਲ ਕਰਨੀ ਚਾਹੀਦੀ ਹੈ ? *2*

(15.3) ਬੋਧ ਦਰਸ਼ਨ (ਫਲਸਫੇ) ਦੇ ਪ੍ਰਮੁਖ ਪੈਹਲੂਆਂ ਦੀ ਵਿਆਖਿਆ ਕਰੋ । *3*

**16.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਭੌਂ ਲਗਾਨ ਇਕੱਠਾ ਕਰਨ ਬਾਰੇ *ਆਇਨ* ਵਿਚੋਂ ਇਕ ਪੈਰਾ :

> *ਅਮੀਲ ਗੁਜ਼ਾਰ* ਸਿਰਫ ਨਕਦ ਲੈਣ ਦੀ ਆਦਤ ਨਾ ਪਾਵੇ ਬਲਕਿ ਫਸਲ ਵੀ ਲੈਣ ਦੇ ਲਈ ਤਿਆਰ ਰਹੇ । ਇਹ ਬਾਦ ਵਾਲਾ ਤਰੀਕਾ ਕਈ ਤਰ੍ਹਾਂ ਨਾਲ ਕੰਮ ਵਿਚ ਲਿਆਇਆ ਜਾ ਸਕਦਾ ਹੈ । ਪੈਹਲਾ, *ਕਣਕੁੱਤ:* ਹਿੰਦੀ ਜ਼ੁਬਾਨ ਵਿਚ *ਕਣ* ਦਾ ਅਰਥ ਹੈ ਅਨਾਜ ਅਤੇ *ਕੁੱਤ* ਦਾ ਅਰਥ ਹੈ ਅੰਦਾਜ਼ਾ ... ਜੇਕਰ ਕੋਈ ਸ਼ਕ ਨਾ ਹੋਵੇ ਤਾਂ ਫਸਲ ਨੂੰ ਕਟ ਕੇ ਤਿੰਨ ਅਲਗ ਅਲਗ ਢੇਰੀਆਂ ਵਿਚ ਰਖ ਦਿੱਤਾ ਜਾਏ — ਵਧੀਆ, ਆਮਤੌਰ ਤੇ ਠੀਕ ਅਤੇ ਖਰਾਬ । ਇਸ ਤਰ੍ਹਾਂ ਕਿਸੇ ਕਿਸਮ ਦਾ ਵੀ ਸ਼ਕ ਦੂਰ ਕਰਨਾ ਚਾਹੀਦਾ ਹੈ । ਆਮਤੌਰ ਤੇ ਅੰਦਾਜ਼ੇ ਨਾਲ ਕੀਤਾ ਗਿਆ ਜਮੀਨ ਦਾ ਲੇਖਾ ਵੀ ਕਾਫੀ ਹਦ ਤਕ ਠੀਕ ਨਤੀਜੇ ਦੇਂਦਾ ਹੈ । ਦੂਸਰਾ, *ਬਟਾਈ* ਜਿਸਨੂੰ *ਭੌਲੀ* ਵੀ ਕਹਿੰਦੇ ਹਨ, ਫਸਲ ਕਟ ਕੇ ਜਮਾ ਕਰ ਲਈ ਜਾਂਦੀ ਹੈ । ਫਿਰ ਸਾਰੀਆਂ ਧਿਰਾਂ ਦੇ ਸਾਮ੍ਹਣੇ ਰਜ਼ਾਮੰਦੀ ਨਾਲ ਬਟਵਾਰਾ ਕੀਤਾ ਜਾਂਦਾ ਹੈ । ਪਰ ਇਥੇ ਵੀ ਸਮਝਦਾਰ ਨਿਰੀਖਕਾਂ ਦੀ ਲੋੜ ਹੁੰਦੀ ਹੈ । ਵਰਨਾ ਭੈੜੇ ਮਿਜ਼ਾਜ ਵਾਲੇ ਅਤੇ ਮੱਕਾਰ, ਧੋਖੇਬਾਜ਼ੀ ਦੀ ਨੀਯਤ ਰਖਦੇ ਹਨ । ਤੀਸਰੇ, *ਖੇਤ ਬਟਾਈ* ਜਦੋਂ ਉਹ ਬੀਜ ਬੀਜਣ ਤੋਂ ਪਿੱਛੋਂ ਖੇਤ ਵੰਡ ਲੈਂਦੇ ਹਨ । ਚੌਥੇ, *ਲੌਂਗ ਬਟਾਈ*; ਫਸਲ ਕਟਣ ਤੋਂ ਬਾਦ, ਉਹ ਉਸਦੇ ਢੇਰ ਬਣਾ ਲੈਂਦੇ ਹਨ ਅਤੇ ਫਿਰ ਉਸਨੂੰ ਆਪੋ ਵਿਚ ਵੰਡ ਲੈਂਦੇ ਹਨ, ਅਤੇ ਹਰੇਕ ਪੱਖ ਆਪਣਾ ਹਿੱਸਾ ਘਰ ਲੈ ਜਾਂਦਾ ਹੈ ਅਤੇ ਉਸਤੋਂ ਮੁਨਾਫਾ (ਲਾਭ) ਕਮਾਂਦਾ ਹੈ ।

(16.1) ਭੌਂ ਲਗਾਨ ਦੀ ਕਣਕੁੱਤ: ਸ਼ੈਲੀ ਬਾਰੇ ਸਪਸ਼ਟ ਕਰੋ । *2*

(16.2) ਬਟਾਈ ਜਾਂ ਭੌਲੀ ਦੇ ਮਾਮਲਿਆਂ ਵਿਚ ਭੌਂ ਲਗਾਨ ਦਾ ਕਿਵੇਂ ਮੁਲੰਕਣ ਕੀਤਾ ਜਾਂਦਾ ਸੀ ? *2*

(16.3) ਕੀ ਤੁਸੀਂ ਸੋਚਦੇ ਹੋ ਕਿ ਮੁਗ਼ਲਾਂ ਦੀ ਭੌਂ ਲਗਾਨ ਪ੍ਰਣਾਲੀ ਲਚੀਲੀ ਸੀ ? *3*

## ਖੰਡ E

### (ਮਾਨਚਿੱਤਰ ਸੰਬੰਧੀ ਪ੍ਰਸ਼ਨ) *5×1=5*

**17.** (17.1) **ਭਾਰਤ** ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 11 ਤੇ) ਉਪਰ ਹੇਠ ਲਿਖਿਆਂ ਨੂੰ ਢੁਕਵੇਂ ਚਿਨ੍ਹਾਂ ਨਾਲ ਅੰਕਿਤ ਕਰੋ ਅਤੇ ਉਨ੍ਹਾਂ ਦੇ ਨਾਮ ਲਿੱਖੋ : *1×2=2*

(ੳ) ਮਾਸੂਲੀਪੱਟਨਮ — 1857 ਦੇ ਦੌਰਾਨ ਬ੍ਰਿਟਿਸ਼ ਨਿਯੰਤ੍ਰਣ ਦੇ ਅਧੀਨ ਖੇਤਰ ।

(ਅ) ਗੋਆ — ਮੁਗ਼ਲ ਸਾਮਰਾਜ ਦੇ ਅਧੀਨ ਖੇਤਰ ।

(17.2) **ਭਾਰਤ** ਦੇ ਦਿੱਤੇ ਗਏ ਇਸੇ ਹੀ ਰੇਖਾ ਮਾਨਚਿੱਤਰ ਉਪਰ ਤਿੰਨ ਸਥਾਨਾਂ ਨੂੰ ਪ੍ਰਮੁੱਖ ਬੋਧ ਸਥੱਲ A, B ਅਤੇ C ਨਾਲ ਅੰਕਿਤ ਕੀਤਾ ਗਿਆ ਹੈ । ਉਨ੍ਹਾਂ ਨੂੰ ਪਛਾਣੋ ਅਤੇ ਸਹੀ ਨਾਮ ਉਸਦੇ ਕੋਲ ਲਗੀਆਂ ਹੋਈਆਂ ਰੇਖਾਵਾਂ ਉਪਰ ਲਿੱਖੋ । *1×3=3*

**ਨੋਟ:** *ਹੇਠ ਲਿਖੇ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 17 ਦੇ ਥਾਂ ਤੇ ਬਦਲਵੇ ਪ੍ਰਸ਼ਨ ਹਨ :*

(17.1) 1857 ਦੇ ਦੌਰਾਨ ਬ੍ਰਿਟਿਸ਼ ਨਿਯੰਤ੍ਰਿਤ ਕਿਸੇ ਰਾਜ/ਖੇਤਰ ਦਾ ਨਾਮ ਲਿੱਖੋ ।

(17.2) ਮੁਗਲਾਂ ਦੇ ਅਧੀਨ ਕਿਸੇ ਰਾਜ/ਖੇਤਰ ਦਾ ਨਾਮ ਲਿੱਖੋ ।

(17.3) ਕਿਸੇ ਤਿੰਨ ਬੋਧ ਸਥਲਾਂ ਦੇ ਨਾਮ ਲਿੱਖੋ । *1+1+3=5*

ਪ੍ਰਸ਼ਨ ਸੰ. 17.1 ਅਤੇ 17.2 ਦੇ ਲਈ

